# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)


ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2621104 | 2624687 | ssapunjab_egs@yahoo.co.in |
| 2621106 | 2623206 | egspunjab@gmail.com |


ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ।

ਮੀਮੋ ਨੰ: ਸਸਅ/ਏ.ਆਈ.ਈ/ਓ.ਓ.ਐਸ.ਸੀ/2010-11/**39237-39256**
ਮਿੱਤੀ ਚੰਡੀਗੜ੍ਹ: **28/05/10**

**ਵਿਸ਼ਾ:- ਏ.ਆਈ.ਈ ਦੇ ਵਲੰਟੀਅਰਾਂ ਨੂੰ ਪੰਜ ਦਿਨਾਂ ਦੀ ਟ੍ਰੇਨਿੰਗ ਕਰਵਾਉਣ ਸਬੰਧੀ।**

**1.0** ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

**2.0** ਮਿਤੀ 27-05-10 ਨੂੰ ਪੜ੍ਹੋ ਪੰਜਾਬ ਕੋਆਰਡੀਨੇਟਰ ਦੀ ਮਹੀਨਾ ਵਾਰ ਰੀਵਿਊ ਮੀਟਿੰਗ ਹੋਈ ਜਿਸ ਦੌਰਾਨ ਫੈਸਲਾ ਕੀਤਾ ਗਿਆ ਹੈ ਕਿ ਸਮੂਹ ਏ.ਆਈ.ਈ ਵਲੰਟੀਅਰਾਂ ਨੂੰ 5 ਦਿਨਾਂ ਦੀ ਟ੍ਰੇਨਿੰਗ ਦਿੱਤੀ ਜਾਵੇਗੀ।

**3.0** ਇਹ ਟ੍ਰੇਨਿੰਗ ਪੜੋ ਪੰਜਾਬ ਰਿਸੋਰਸ ਪਰਸਨ ਵਲੋਂ ਗਣਿਤ, ਪੰਜਾਬੀ, ਅੰਗਰੇਜ਼ੀ ਅਤੇ ਜਨਰਲ ਵਿਸ਼ਿਆਂ ਤੇ ਦਿੱਤੀ ਜਾਵੇਗੀ ਅਤੇ ਟ੍ਰੇਨਿੰਗ ਦੇ ਅਖਰੀਲੇ ਪੰਜਵੇਂ ਦਿੱਨ ਏ.ਆਈ.ਈ ਕੋਆਰਡੀਨੇਟਰ ਵਲੋਂ ਏ.ਆਈ.ਈ ਨਾਲ ਸਬੰਧਤ ਮੁੱਦਿਆਂ ਤੇ ਟ੍ਰੇਨਿੰਗ ਦਿੱਤੀ ਜਾਵੇਗੀ।

**4.0** ਇਹ ਟ੍ਰੇਨਿੰਗ ਪੜ੍ਹੋ ਪੰਜਾਬ ਕੋ-ਆਰਡੀਨੇਟਰ ਦੀ ਦੇਖ-ਰੇਖ ਹੇਠ ਕਰਵਾਈ ਜਾਵੇਗੀ। ਟ੍ਰੇਨਿੰਗ ਕਰਵਾਉਣ ਲਈ ਸਥਾਨ ਨਿਯੁੱਕਤ ਕਰਨ, ਏ.ਆਈ.ਈ ਵਲੰਟੀਅਰ ਦੀ ਰੋਜ਼ਾਨਾ ਹਾਜ਼ਰੀ ਨੂੰ ਸੁਨਿਸਚਤ ਕਰਨਾ ਅਤੇ ਪੜ੍ਹੋ ਪੰਜਾਬ ਦੇ ਟ੍ਰੇਨਿੰਗ ਰੀਸੋਰਸ ਪਰਸਨ ਨੂੰ ਮਿਹਨਤਾਨੇ ਦੇਣ ਦੀ ਨਿਰੋਲ ਜਿੰਮੇਦਾਰੀ ਜਿਲ੍ਹਾ ਏ.ਆਈ.ਈ ਕੋਆਰਡੀਨੇਟਰ ਦੀ ਹੋਵੇਗੀ।

**5.0** ਪੜ੍ਹੋ ਪੰਜਾਬ ਦੇ ਕੋਆਰਡੀਨੇਟਰ ਟ੍ਰੇਨਿੰਗ ਦੌਰਾਨ ਏ.ਆਈ.ਈ ਵਲੰਟੀਅਰ ਨੂੰ ਮੱਦਦ ਕਰਨ ਵਿਚ ਸਹਾਈ ਹੋਣਗੇ।

**6.0** ਟ੍ਰੇਨਿੰਗ ਸਬੰਧੀ ਮਟਰੀਅਲ ਅਤੇ ਮਨੁੱਖੀ ਵਸੀਲੇ (Resource Person) ਪੜ੍ਹੋ ਪੰਜਾਬ ਕੋਆਰਡੀਨੇਟਰ ਵਲੋਂ ਮਹੱਈਆ ਕਰਵਾਇਆ ਜਾਵੇਗਾ।

**7.0** ਪੰਜ ਦਿਨ ਦੀ ਟ੍ਰੇਨਿੰਗ ਮਿਤੀ 21-06-10 ਤੋਂ 25-06-10 ਤੱਕ ਦਿੱਤੀ ਜਾਵੇਗੀ। ਟ੍ਰੇਨਿੰਗ ਦਾ ਸਮਾਂ ਸਵੇਰੇ 9:00 ਵਜੇ ਤੋਂ ਦੁਪਿਹਰ 2:00 ਵਜੇ ਤੱਕ ਦਾ ਹੋਵੇਗਾ ਅਤੇ ਇਹ ਟ੍ਰੇਨਿੰਗ ਬਲਾਕ/ ਤਹਿਸੀਲ/ਜ਼ਿਲ੍ਹਾ ਪੱਧਰ ਤੇ ਕਰਵਾਈ ਜਾਵੇਗੀ।

**9.0** ਟ੍ਰੇਨਿੰਗ ਦੌਰਾਨ ਵਲੰਟੀਅਰਾਂ ਨੂੰ ਉਨ੍ਹਾਂ ਦੇ ਆਉਣ-ਜਾਣ ਦਾ ਕਿਰਾਇਆ ਅਤੇ ਰੋਜ਼ਾਨਾ 35/- ਰੁਪਏ ਪ੍ਰਤੀ ਵਲੰਟੀਅਰ ਟੀਚਰ ਟ੍ਰੇਨਿੰਗ ਨਿਯਮਾ ਅਨੁਸਾਰ ਦਿੱਤਾ ਜਾਵੇ। ਇਕ ਵਲੰਟੀਅਰ ਦਾ ਖਰਚਾ 100/- ਰ: ਪ੍ਰਤੀ ਦਿਨ ਤੋਂ ਵੱਧ ਨਹੀਂ ਹੋਣਾ ਚਾਹੀਦਾ। ਇਸ ਦਾ ਪੂਰਾ ਹਿਸਾਬ ਕਿਤਾਬ ਪ੍ਰਿੰਸੀਪਲ ਡਾਇਟ ਵਲੋਂ ਰੱਖਿਆ ਜਾਵੇ ਅਤੇ ਇਸ ਦੀ ਸਮੂਚੀ ਰਿਪੋਰਟ ਮੁੱਖ ਦਫ਼ਤਰ ਚੰਡੀਗੜ੍ਹ ਨੂੰ ਵੀ ਭੇਜੀ ਜਾਵੇ।

**9.0** ਟ੍ਰੇਨਿੰਗ ਲਈ ਸਮੂਹ ਵਲੰਟੀਅਰਾਂ ਦਾ ਟ੍ਰੇਨਿੰਗ ਸਥਾਨ ਤੇ ਸਮੇਂ ਸਿਰ ਪੁਹੰਚਣਾ ਯਕੀਨੀ ਬਣਾਇਆ ਜਾਵੇ ਕਿਉਂ ਕਿ ਪਿਛਲੇ ਸਮੇ ਦੌਰਾਨ ਹੋਈ ਟ੍ਰੇਨਿੰਗ ਵਿਚ ਇਹ ਗੱਲ ਧਿਆਨ ਵਿਚ ਆਈ ਹੈ ਕਿ ਬਹੁਤ ਸਾਰੇ ਵਲੰਟੀਅਰ ਟ੍ਰੇਨਿੰਗ ਦੌਰਾਨ ਨਿਸਚਤ ਸਮੇਂ ਤੇ ਹਾਜ਼ਰ ਨਹੀ ਹੁੰਦੇ ਰਹੇ ਹਨ।

**10.0** ਟ੍ਰੇਨਿੰਗ ਦੌਰਾਨ ਵਲੰਟੀਅਰ ਦੇ ਬੈਠਣ ਦਾ ਪ੍ਰਬੰਧ, ਪਾਣੀ ਅਤੇ ਬਿਜਲੀ ਆਦਿ ਦਾ ਪ੍ਰਬੰਧ ਜਿਲ੍ਹਾ ਏ.ਆਈ.ਈ ਕੋਆਰਡੀਨੇਟਰ ਵਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ) ਦੀ ਦੇਖ-ਰੇਖ ਅਧੀਨ ਕਰਵਾਇਆ ਜਾਵੇ।

**10.0** ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**-ਸਹੀ-**
**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ।**

ਪਿਠ ਅੰਕਣ ਨੰ:- ਸਸਅ/ਏ.ਆਈ.ਈ/ਓ.ਓ.ਐਸ.ਸੀ/2010-11/**39261-300** ਮਿਤੀ:- **28/05/10**

ਉਪਰੋਕਤ ਦਾ ਉਤਾਰਾ ਹੇਠ ਲਿੱਖਿਆ ਨੂੰ ਸੂਚਨਾ ਅਤੇ ਅਗਲੇਰੀ ਲੋੜੀਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

1) ਰਾਜ ਦੇ ਸਮੂਹ ਡਾਈਟ ਪ੍ਰਿੰਸੀਪਲਜ਼
2) ਰਾਜ ਦੇ ਸਮੂਹ ਪੜ੍ਹੋ ਪੰਜਾਬ ਕੋਆਡੀਨੇਟਰ

**-ਸਹੀ-**
**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ।**